# ਦਫਤਰ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ

## 090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ

**OFFICE OF THE SUB DIVISIONAL MAGISTRATE-Cum-ELECTORAL REGISTRATION OFFICE**
**90-RAMPURA PHUL A.C.**

Phone No.01651-248225 Fax No. 01651-248025 E-mall: ero90rampuraphul@gmall.com

ਜਿੰਮੇਵਾਰ ਬਣੋ, ਵੋਟਰ ਬਣੋ ਜਿੰਮੇਵਾਰ ਬਣੋ, ਵੋਟਰ ਬਣੋ

---

ਵੱਲ

1। ਜਿਲ੍ਹਾ ਸਿੱਖਿਆ ਅਫਸਰ, ਬਠਿੰਡਾ (ਸੈਕ ਅਤੇ ਐਲੀ.) ;
2। ਕਾਰਜਕਾਰੀ ਇੰਜੀਨੀਅਰ, ਕਨਾਲ ਲਾਇਨਿੰਗ ਡਵੀਜਨ, ਰਾਮਪੁਰਾ;
3। ਕਾਰਜਕਾਰੀ ਇੰਜੀਨੀਅਰ ,.ਵਿ.ਨਿ.ਲੋ ,02 .ਉਸਾਰੀ ਮੰਡਲ ਨੰ ,ਭ ਤੇ ਮ ਸ਼ਾਖਾ, ਬਠਿੰਡਾ;
4। ਕਾਰਜਕਾਰੀ ਇੰਜੀਨੀਅਰ ,.ਵਿ.ਨਿ.ਲੋ ,02 .ਨੈਸ਼ਨਲ ਹਾਈਵੇ ਮੰਡਲ ਨੰ ,ਭ ਤੇ ਮ ਸ਼ਾਖਾ, ਬਠਿੰਡਾ;
5। ਸੀਨੀਅਰ ਮੈਡੀਕਲ ਅਫਸਰ, ਭਗਤਾ/ਰਾਮਪੁਰਾ/ਨਥਾਣਾ;
6। ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਭਗਤਾ/ਫੂਲ;
7। ਕਾਰਜਕਾਰੀ ਇੰਜੀਨੀਅਰ, ਪੀ.ਐੱਸ.ਪੀ.ਸੀ.ਐੱਲ, ਰਾਮਪੁਰਾ ਫੂਲ/ ਭਗਤਾ;
8। ਖੇਤੀਬਾੜੀ ਅਫਸਰ , ਫੂਲ;
9। ਖੁਰਾਕ ਅਤੇ ਸਪਲਾਈ ਅਫਸਰ ਭਗਤਾ/ਰਾਮਪੁਰਾ ਫੂਲ/ਬਠਿੰਡਾ
10। ਬਾਲ ਵਿਕਾਸ ਪ੍ਰੋਜੈਕਟ ਅਫਸਰ , ਫੂਲ/ਭਗਤਾ
11. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਰਾਮਪੁਰਾ ਫੂਲ
12। ਕਾਰਜ ਸਾਧਕ ਅਫਸਰ, ਪੰਚਾਇਤ ਅਫਸਰ, ਮਲੂਕਾ/ਕੋਠਾ ਗੁਰੂ/ ਮਹਿਰਾਜ/ ਭਗਤਾ/ ਭਾਈਰੂਪਾ
13। ਮੈਨੇਜਰ, ਮਾਰਕਫੈਡ ,ਰਾਮਪੁਰਾ ਫੂਲ।
14। ਡੀਨ, ਕਾਲਜ ਆਫ ਇੰਜੀਨੀਅਰਿੰਗ ਐਂਡ ਮੈਨੇਜਮੈਂਟ, ਰਾਮਪੁਰਾ
15। ਪ੍ਰਿੰਸੀਪਲ, ਟੀ.ਪੀ.ਡੀ. ਮਾਲਵਾ ਕਾਲਜ, ਫੂਲ, ਮਹਿਰਾਜ
16। ਕਾਰਜਕਾਰੀ ਇੰਜੀਨੀਅਰ, ਬਠਿੰਡਾ ਨਹਿਰ ਮੰਡਲ, ਬਠਿੰਡਾ ( ਜਲ ਸਰੋਤ ਵਿਭਾਗ )

ਪੱਤਰ ਨੰ. 988-1003 /ਚੋਣ ਸ਼ਾਖਾ ਮਿਤੀ- 27/10/2025

ਵਿਸ਼ਾ:- Mapping of Electors with previous SIR.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੁੱਖ ਚੋਣ ਅਫਸਰ, ਰਾਹੀਂ ਮਿਲੀਆਂ ਹਦਾਇਤਾਂ ਅਨੁਸਾਰ ਬੀ.ਐੱਲ.ਓਜ਼ ਦੁਆਰਾ ਸਾਲ 2003 ਅਤੇ ਸਾਲ 2025 ਦੇ ਵੋਟਰਾਂ ਦੀ ਮੈਪਿੰਗ ਬੀ.ਐੱਲ.ਓ ਐੱਪ ਦੁਆਰਾ ਕੀਤੀ ਜਾਣੀ ਹੈ, ਜਿਸ ਕਰਕੇ ਵਿਧਾਨ ਸਭਾ ਹਲਕਾ 090 ਰਾਮਪੁਰਾ ਫੂਲ ਦੇ ਸਮੂਹ ਸੁਪਰਵਾਈਜ਼ਰ ਅਤੇ ਬੀ.ਐੱਲ.ਓਜ਼ ਮਿਤੀ- 27.10.2025 (ਰਹਿੰਦੇ ਸਮੇਂ ਲਈ) ਤੋਂ 29.10.2025 ਤੱਕ ਇਸ ਨਾਲ ਸਬੰਧਤ ਕੰਮ ਹੀ ਕਰਨਗੇ। ਜੇਕਰ ਕਿਸੇ ਕਰਮਚਾਰੀ ਦੀ ਡਿਊਟੀ ਕਿਸੇ ਹੋਰ ਕੰਮ ਵਿੱਚ ਲਗਾਈ ਗਈ ਹੈ ਤਾਂ ਉਸ ਦਾ ਉਕਤਾ ਪ੍ਰਬੰਧ ਕਰ ਲਿਆ ਜਾਵੇ। ਇਸ ਸਬੰਧੀ ਆਪ ਦੇ ਅਧੀਨ ਆਉਂਦੇ ਸੁਪਰਵਾਈਜ਼ਰ ਅਤੇ ਬੀ.ਐੱਲ.ਓਜ਼ ਨੂੰ ਸਕੂਲੀ/ਦਫਤਰੀ ਕੰਮਾਂ ਤੋਂ ਫਾਰਗ ਕੀਤਾ ਜਾਵੇ ਤਾਂ ਜੋ ਇਹ ਕੰਮ ਨੂੰ ਸਮੇਂ ਸਿਰ ਪੂਰਾ ਕਰ ਸਕਣ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

ਪਿੱਠ ਅੰਕਣ ਨੰ. 1004-1006 /ਚੋਣ ਸ਼ਾਖਾ ਮਿਤੀ- 27/10/2025

ਇਸ ਦਾ ਇੱਕ ਉਤਾਰਾ:

1. ਮਾਨਯੋਗ ਉਪ ਮੰਡਲ ਮੈਜਿਸਟਰੇਟ, ਬਠਿੰਡਾ/ਤਲਵੰਡੀ ਸਾਬੋ/ਮੌੜ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਡਿਊਟੀ ਨਿਮਨਹਸਤਾਖਰ ਦੇ 090- ਰਾਮਪੁਰਾ ਫੂਲ ਵਿਧਾਨ ਸਭਾ ਹਲਕਾ ਅਧੀਨ ਬਤੌਰ ਬੀ.ਐੱਲ.ਓ ਲੱਗੀ ਹੋਈ ਹੈ ਅਤੇ ਜੇਕਰ ਆਪ ਵੱਲੋਂ ਉਨ੍ਹਾਂ ਦੀ ਡਿਊਟੀ ਕਿਸੇ ਹੋਰ ਕੰਮ ਸਬੰਧੀ ਆਪ ਦੇ ਦਫਤਰ ਅਧੀਨ ਲਗਾਈ ਗਈ ਹੈ ਤਾਂ ਉਨ੍ਹਾਂ ਨੂੰ ਮਿਤੀ- 27.10.2025 ਤੋਂ 29.10.2025 ਤੱਕ ਛੋਟ ਦਿੱਤੀ ਜਾਵੇ ਜੀ ਤਾਂ ਜੋ ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਜੀ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ ਜੀ।
2. ਸਮੂਹ ਸੁਪਰਵਾਈਜ਼ਰ-090 ਰਾਮਪੁਰਾ ਫੂਲ ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਸੈਕਟਰ ਅਧੀਨ ਕੰਮ ਕਰਦੇ ਸਮੂਹ ਬੀ.ਐੱਲ.ਓਜ਼ ਵੱਲੋਂ ਮਜੋਦਾ ਵੋਟਰ ਸੂਚੀਆਂ ਦਾ ਮਿਲਾਨ ਸਾਲ 2003 ਦੀ ਵੋਟਰ ਸੂਚੀ ਨਾਲ ਕਰਨ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ। ਜਿਸ ਸਬੰਧੀ ਆਪ ਅਧੀਨ ਕੰਮ ਕਰਦੇ ਬੀ.ਐੱਲ.ਓਜ਼ ਨੂੰ ਮਿਤੀ- 26.10.2025 ਤੱਕ ਸਕੂਲ/ਦਫਤਰੀ ਕੰਮ ਤੋਂ ਫਾਰਗ ਕਰਵਾਉਂਦੇ ਹੋਏ ਮਿਲਾਨ ਕੀਤੇ ਗਏ ਵੋਟਰਾਂ ਦੀ ਕੈਟੀਗਿਰੀ ਵਾਈਜ਼ ਡਿਟੇਲ ਦੀ ਮੈਪਿੰਗ ਬੀ.ਐੱਲ.ਓ ਐੱਪ ਉਪਰ ਕਰਨ ਨੂੰ ਕਿਹਾ ਗਿਆ ਸੀ। ਪਰੰਤੂ ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਬੀ.ਐੱਲ.ਓਜ਼ ਵੱਲੋਂ ਹਜੇ ਤੱਕ ਕੰਮ ਦੀ ਪ੍ਰਗਤੀ ਬਹੁਤ ਘੱਟ ਹੈ। ਜਿਸਤੋਂ ਸਾਫ ਜਾਹਿਰ [illegible] ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਕੰਮ ਵੱਲ ਨਿੱਜੀ ਧਿਆਨ ਦਿੰਦੇ ਹੋਏ ਆਪ ਅਧੀਨ ਕੰਮ ਕਰਦੇ ਸਮੂਹ ਬੀ.ਐੱਲ.ਓਜ਼ ਪਾਸੋਂ ਰੋਜਾਨਾ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 6460 ਮਿਤੀ 27-10-25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਲਿਖਕੇ ਭੇਜਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਉਕਤ ਅਨੁਸਾਰ ਲਗਾਈ ਗਈ ਡਿਊਟੀ ਲਈ ਪਾਬੰਦ ਕੀਤਾ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

Scanned with CamScanner

ਸਵੇਰੇ ਸ਼ਾਮ ਕੀਤੇ ਗਏ ਕੰਮ ਦੀ ਪ੍ਰਗਤੀ ਰਿਪੋਰਟ ਲੈਂਦੇ ਹੋਏ ਉਕਤ ਕੰਮ ਮਿਤੀ- 29.10.2025 ਤੱਕ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ।

3. ਸਮੂਹ ਬੀ.ਐੱਲ.ਓਜ਼- 090 ਰਾਮਪੁਰਾ ਫੂਲ ਵਿਧਾਨ ਸਭਾ ਹਲਕਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਨਿਮਨਹਸਤਾਖਰ ਦੇ ਦਫਤਰ ਵੱਲੋਂ ਆਪ ਨੂੰ ਮਿਤੀ- 26.10.2025 ਤੱਕ ਸਕੂਲ/ਦਫਤਰੀ ਕੰਮ ਤੋਂ ਫਾਰਗ ਕਰਵਾਉਂਦੇ ਹੋਏ ਮਿਲਾਨ ਕੀਤੇ ਗਏ ਵੋਟਰਾਂ ਦੀ ਕੈਟਾਗਿਰੀ ਵਾਈਜ਼ ਡਿਟੇਲ ਦੀ ਮੈਪਿੰਗ ਬੀ.ਐੱਲ.ਓ ਐੱਪ ਉੱਪਰ ਕਰਨ ਲਈ ਕਿਹਾ ਗਿਆ ਸੀ। ਪਰੰਤੂ ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਬੀ.ਐੱਲ.ਓ ਵੱਲੋਂ ਹਜੇ ਤੱਕ ਕੰਮ ਦੀ ਪ੍ਰਗਤੀ ਬਹੁਤ ਘੱਟ ਹੈ। ਜਿਸਤੋਂ ਸਾਫ ਜਾਹਿਰ ਹੁੰਦਾ ਹੈ ਕਿ ਆਪ ਵੱਲੋਂ ਚੋਣਾਂ ਸਬੰਧੀ ਮਹੱਤਵਪੂਰਨ ਕੰਮ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ। ਇਸ ਲਈ ਆਪ ਨੂੰ ਮਿਤੀ- 29.10.2025 ਤੱਕ ਸਕੂਲ/ਦਫਤਰੀ ਕੰਮ ਤੋਂ ਫਾਰਗ ਕਰਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਜੇਕਰ ਆਪ ਵੱਲੋਂ ਸਕੂਲ/ਦਫਤਰੀ ਕੰਮ ਤੋਂ ਫਾਰਗ ਹੁੰਦੇ ਹੋਏ ਵੀ ਉਕਤ ਸਮੇਂ ਸਿਰ ਮੁਕੰਮਲ ਨਹੀਂ ਕੀਤਾ ਜਾਂਦਾ ਤਾਂ ਆਪ ਵਿਰੁੱਧ ਚੋਣਾਂ ਸਬੰਧੀ ਬਣਦੀ ਨਿਯਮਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ। ਜਿਸਦੇ ਆਪ ਖੁਦ ਜਿੰਮੇਵਾਰ ਹੋਵੋਗੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

Scanned with CamScanner